ਮਾਪਿਆਂ ਲਈ ਸਾਈਨੇਜਿਸ ਬਾਰੇ ਜਾਣਕਾਰੀ
(Information for Parents about Synagis)
Punjabi

BC WOMEN'S HOSPITAL+ HEALTH CENTRE
An agency of the Provincial Health Services Authority

BC CHILDREN'S HOSPITAL
An agency of the Provincial Health Services Authority

**ਫਾਰਮੇਸੀ ਵਿਭਾਗ**
**(The Pharmacy Department)**
4480 Oak Street, Vancouver, BC V6H 3V4
604-875-2867 • 1-877-625-7888
www.bcchildrens.ca

## ਸਾਈਨੇਜਿਸ (Synagis®) ਕੀ ਹੈ?

ਇਹ ਇੱਕ ਦਵਾਈ ਹੈ ਜੋ ਗੰਭੀਰ ਰੈਸਪੀਰੇਟਰੀ ਸਿੰਸੀਸ਼ੀਅਲ ਵਾਇਰਸ ਜਿਸ ਨੂੰ ਆਰ.ਐੱਸ.ਵੀ. ਵੀ ਕਹਿੰਦੇ ਹਨ ਦੇ ਵਿਰੁੱਧ ਲੜਨ ਲਈ ਬੱਚੇ ਦੇ ਸਰੀਰ ਦੀ ਮਦਦ ਕਰਦੀ ਹੈ। ਆਰ.ਐੱਸ.ਵੀ. ਦੇ ਮੌਸਮ ਦੌਰਾਨ 3 ਤੋਂ 5 ਮਹੀਨਿਆਂ ਲਈ ਹਰ ਮਹੀਨੇ ਦਿੱਤੀ ਜਾਂਦੀ ਹੈ। ਬੀ.ਸੀ. ਵਿਚ ਨਵੰਬਰ ਤੋਂ ਅਪ੍ਰੈਲ ਤੱਕ ਆਰ.ਐੱਸ.ਵੀ. ਦਾ ਮੌਸਮ ਹੁੰਦਾ ਹੈ।

## ਮੇਰੇ ਬੱਚੇ ਨੂੰ ਸਾਈਨੇਜਿਸ ਕਿਉਂ ਤਜਵੀਜ਼ ਕੀਤੀ ਗਈ ਹੈ?

ਕਿਉਂਕਿ ਤੁਹਾਡੇ ਬੱਚੇ ਨੂੰ ਗੰਭੀਰ ਆਰ.ਐੱਸ.ਵੀ. ਇਨਫ਼ੈਕਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੈ। ਇਸ ਲਈ ਤੁਹਾਡੇ ਡਾਕਟਰ ਨੇ ਬੱਚੇ ਨੂੰ ਸਾਈਨੇਜਿਸ ਲੈਣ ਲਈ ਕਿਹਾ ਹੈ।

## ਸਾਈਨੇਜਿਸ ਕਿਵੇਂ ਦਿੱਤੀ ਜਾਂਦੀ ਹੈ?

ਇਹ ਸੂਈ ਨਾਲ ਪੱਟ ਦੇ ਪੱਠਿਆਂ ਵਿਚ ਦਿੱਤੀ ਜਾਂਦੀ ਹੈ। ਜੇ ਤੁਹਾਡੇ ਬੱਚੇ ਨੂੰ 1 ਮਿ.ਲੀ. ਤੋਂ ਜ਼ਿਆਦਾ ਸਾਈਨੇਜਿਸ ਦੇਣ ਦੀ ਲੋੜ ਹੋਵੇ ਤਾਂ ਦਵਾਈ ਨੂੰ ਵੰਡ ਕੇ ਦੋਹਾਂ ਪੱਟਾਂ ਵਿਚ ਇਸ ਦਾ ਟੀਕਾ ਲਗਾਇਆ ਜਾਂਦਾ ਹੈ।

## ਕੀ ਸਾਈਨੇਜਿਸ ਉਹੋ ਜਿਹਾ ਵੈਕਸੀਨ ਹੈ ਜੋ ਮੇਰਾ ਬੱਚੇ ਇਮਿਊਨਾਈਜ਼ੇਸ਼ਨ ਲਈ ਲੈਂਦਾ ਹੈ?

**ਨਹੀਂ।** ਆਰ.ਐੱਸ.ਵੀ. ਲਈ ਕੋਈ ਵੈਕਸੀਨ ਉਪਲਬਧ ਨਹੀਂ। ਸਾਈਨੇਜਿਸ ਇੱਕ ਕਿਸਮ ਦੀ ਐਂਟੀਬਾਡੀ (Antibody) ਹੈ। ਇਹ ਉਨ੍ਹਾਂ ਐਂਟੀਬਾਡੀ ਦੀ ਤਰ੍ਹਾਂ ਹੀ ਕੰਮ ਕਰਦੀ ਹੈ ਜੋ ਤੁਹਾਡੇ ਬੱਚੇ ਦਾ ਸਰੀਰ ਇਨਫ਼ੈਕਸ਼ਨ ਨਾਲ ਲੜਣ ਲਈ ਕੁਦਰਤੀ ਬਣਾਉਂਦਾ ਹੈ। ਸਾਈਨੇਜਿਸ ਵਿਚਲੀਆਂ ਐਂਟੀਬਾਡੀ ਤੁਹਾਡੇ ਬੱਚੇ ਨੂੰ ਤਕਰੀਬਨ 1 ਮਹੀਨੇ ਲਈ ਮਦਦ ਕਰਦੀਆਂ ਹਨ।

## ਕੀ ਸਾਈਨੇਜਿਸ ਖ਼ੂਨ ਤੋਂ ਬਣਦਾ ਹੈ?

**ਨਹੀਂ।** ਸਾਈਨੇਜਿਸ ਤੋਂ ਤੁਹਾਡੇ ਬੱਚੇ ਨੂੰ ਇਨਫ਼ੈਕਸ਼ਨ ਹੋਣ ਦਾ ਕੋਈ ਚਾਂਸ ਨਹੀਂ।

## ਕੀ ਮੇਰੇ ਬੱਚੇ ਨੂੰ ਮਹੀਨੇ ਵਾਰ ਸਾਰੇ ਟੀਕੇ ਲਵਾਉਣੇ ਪੈਣਗੇ?

**ਹਾਂ ਜੀ।** ਇਹ ਬੜਾ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਸਾਰੇ ਟੀਕੇ ਲਵਾਏ। ਹਰ ਇੱਕ ਟੀਕਾ ਆਰ.ਐੱਸ.ਵੀ. ਦੀ ਗੰਭੀਰ ਇਨਫ਼ੈਕਸ਼ਨ ਤੋਂ ਤੁਹਾਡੇ ਬੱਚੇ ਨੂੰ ਤਕਰੀਬਨ 30 ਦਿਨਾਂ ਲਈ ਬਚਾਉਂਦਾ ਹੈ। ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਆਰ.ਐੱਸ.ਵੀ. ਦੇ ਮੌਸਮ ਵਿਚ ਹਰ ਮਹੀਨੇ ਬੱਚੇ ਦੀ ਐਪੁਆਂਇੰਟਮੈਂਟ ਤੇ ਤੁਸੀਂ ਬੱਚੇ ਨੂੰ ਲੈ ਕੇ ਆਓ। ਜੇ ਤੁਸੀਂ ਇੱਕ ਵਾਰ ਨਾ ਆ ਸਕੇ ਤਾਂ ਆਪਣੇ ਕਲੀਨਿਕ ਨੂੰ ਸੰਪਰਕ ਕਰ ਕੇ ਜਿੰਨੀ ਜਲਦੀ ਹੋ ਸਕੇ ਦੁਬਾਰਾ ਐਪੁਆਂਟਮੈਂਟ ਬਣਾਓ।

## ਸਾਈਨੇਜਿਸ ਦੇ ਗੌਣ ਪ੍ਰਭਾਵ ਕੀ ਹਨ?

ਸਾਈਨੇਜਿਸ ਦੇ ਕੁੱਝ ਕੁ ਗੌਣ ਪ੍ਰਭਾਵ ਹਨ। ਜੇ ਗੌਣ ਪ੍ਰਭਾਵ ਪੈਦਾ ਹੋਣ ਤਾਂ ਬਹੁਤ ਮਮੂਲੀ ਹੁੰਦੇ ਹਨ ਅਤੇ ਜ਼ਿਆਦਾ ਦੇਰ ਨਹੀਂ ਰਹਿੰਦੇ। ਗੌਣ ਪ੍ਰਭਾਵਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਹਲਕਾ ਜਿਹਾ ਬੁਖ਼ਾਰ
- ਧੱਫੜ (ਰੈਸ਼)
- ਟੀਕੇ ਵਾਲੀ ਜਗ੍ਹਾ ਲਾਲ ਹੋਣੀ ਅਤੇ ਦੁਖਣੀ।

ਗੰਭੀਰ ਗੌਣ ਪ੍ਰਭਾਵ ਬਹੁਤ ਹੀ ਘੱਟ ਹੁੰਦੇ ਹਨ।

## ਕੀ ਮੇਰਾ ਬੱਚਾ ਹੋਰ ਇਮਿਊਨਾਈਜ਼ੇਸ਼ਨ ਵੀ ਲੈ ਸਕਦਾ ਹੈ?

**ਹਾਂ ਜੀ।** ਸਾਈਨੇਜਿਸ ਹੋਰ ਇਮਿਊਨਾਈਜ਼ੇਸ਼ਨ ਵਿਚ ਰੁਕਾਵਟ ਨਹੀਂ ਪਾਉਂਦਾ। ਇਹ ਉਸੇ ਦਿਨ ਦਿੱਤਾ ਜਾ ਸਕਦਾ ਹੈ।

## ਜੇ ਮੇਰਾ ਬੱਚਾ ਬਿਮਾਰ ਹੈ ਤਾਂ ਕੀ ਉਹ ਫਿਰ ਵੀ ਸਾਈਨੇਜਿਸ ਲੈ ਸਕਦਾ ਹੈ?

**ਆਮ ਤੌਰ ਤੇ ਹਾਂ।** ਜੇ ਤੁਹਾਡਾ ਬੱਚਾ ਤੇਜ਼ ਬੁਖ਼ਾਰ ਕਰ ਕੇ ਬਹੁਤ ਬਿਮਾਰ ਹੈ ਤਾਂ ਆਪਣੇ ਡਾਕਟਰ ਨੂੰ ਸੰਪਰਕ ਕਰੋ। ਜਦ ਤੱਕ ਤੁਹਾਡਾ ਬੱਚਾ ਠੀਕ ਨਹੀਂ ਹੋ ਜਾਂਦਾ ਤੁਹਾਡਾ ਡਾਕਟਰ ਸ਼ਾਇਦ ਠਹਿਰਨ ਲਈ ਕਹੇ। ਇਹ ਵੀ ਹੋ ਸਕਦਾ ਹੈ ਕਿ ਡਾਕਟਰ ਮਹਿਸੂਸ ਕਰੇ ਕਿ ਸਾਈਨੇਜਿਸ ਲੈਣ ਲਈ ਠਹਿਰਨਾ ਬੱਚੇ ਲਈ ਜ਼ਿਆਦਾ ਖ਼ਤਰਨਾਕ ਹੈ। ਮਮੂਲੀ ਬੁਖ਼ਾਰ ਜਾਂ ਠੰਢ ਠਹਿਰਨ ਲਈ ਕੋਈ ਕਾਰਨ ਨਹੀਂ ਹਨ।

## ਜੇ ਮੇਰਾ ਬੱਚਾ ਸਾਈਨੇਜਿਸ ਲੈ ਰਿਹਾ ਹੈ ਤਾਂ ਕੀ ਉਹ ਫਿਰ ਵੀ ਆਰ.ਐੱਸ.ਵੀ. ਲੈ ਸਕਦਾ ਹੈ?

**ਹਾਂ ਜੀ।** ਪਰ ਉਸ ਦੇ ਇਤਨਾ ਬਿਮਾਰ ਹੋਣ ਦੇ ਚਾਂਸ ਬਹੁਤ ਘੱਟ ਜਾਂਦੇ ਹਨ ਕਿ ਉਸ ਨੂੰ ਹਸਪਤਾਲ ਦਾਖ਼ਲ ਹੋਣਾ ਪਵੇ। ਇਹ ਜਾਣਨਾ ਵੀ ਬੜਾ ਜ਼ਰੂਰੀ ਹੈ ਕਿ ਸਾਈਨੇਜਿਸ ਕਿਸੇ ਹੋਰ ਵਾਇਰਲ ਇਨਫ਼ੈਕਸ਼ਨਜ਼ ਨੂੰ ਨਹੀਂ ਰੋਕੇਗਾ।

ਯਾਦ ਰੱਖੋ – ਇਹ ਬੜਾ ਜ਼ਰੂਰੀ ਹੈ ਕਿ ਆਰ.ਐੱਸ.ਵੀ. ਦੇ ਸਾਰੇ ਮੌਸਮ ਦੌਰਾਨ ਸੁਰੱਖਿਆ ਲਈ ਤੁਹਾਡਾ ਬੱਚਾ ਸਾਰੇ ਟੀਕੇ **ਸਮੇਂ ਸਿਰ** ਲਵਾ ਲਵੇ।

**ਹਰ ਮਹੀਨੇ ਬੱਚੇ ਦੇ ਸਾਈਨੇਜਿਸ ਦੇ ਟੀਕੇ ਲਈ ਆ ਕੇ ਆਪਣੇ ਬੱਚੇ ਨੂੰ ਸੁਰੱਖਿਅਤ ਕਰੋ।**

*ਬੀ.ਸੀ. ਦੀ ਆਰ.ਐੱਸ.ਵੀ. ਇਮਿਊਨੋਪਰੋਫਾਈਲੈਕਸਿਸ ਕਮੇਟੀ ਨੇ ਲਰਨਿੰਗ & ਡਿਵੈਲਪਮੈਂਟ ਵਿਭਾਗ ਦੀ ਮਦਦ ਨਾਲ ਬਣਾਇਆ*
*Developed by the BC RSV Immunoprophylaxis Committee with assistance from the Department of Learning & Development*
**CW96 © 2015 BC Children's and BC Women's Hospital + Health Centre**